© ਅਰਮਾਨ (ARMAAN) | ISSN: 2583-9446 (O)

# ਅਰਮਾਨ ARMAAN

(An International Multidisciplinary, Open Access Peer Reviewed & Indexed Research Journal)

Paper Id: ARMN040305

Volume 4, Issue 3| July-Sep. 2026

Available online at: www.armaan.org.in

DOI Link: https://doi.org/10.64119/armaan.vol.4.issue3.05

| DOI | Received Date | Accepted Date | Published Date |
|---|---|---|---|
| 10.64119/armaan.vol.4.issue3.05 | August 07, 2026 | August 31, 2026 | September 05, 2026 |

ਖੋਜ ਪੇਪਰ (Research Article)

# ਪੰਜਾਬੀ ਰਹਿਤਲ ਦੀ ਤਰਜਮਾਨੀ ਕਰਦੀ ਕਾਵਿ-ਪੁਸਤਕ: ਸੁਰਮੇਦਾਨੀ

## Punjabi Rahital Di Tarjmani Kardi Kaav-Pustak: Surmedani

**ਡਾ. ਗੁਰਧਿਆਨ ਸਿੰਘ (Dr. Gurdhian Singh)**

ਅਸਿਸਟੈਂਟ ਪ੍ਰੋਫੈਸਰ (Assistant Professor)

ਯੂਨਵਿਰਸਿਟੀ ਕਾਲਜ ਮੂਨਕ, ਸੰਗਰੂਰ (ਪੰਜਾਬ) - 148033

ORCID: 0009-0007-5610-9151

*E-Mail:* gurdhiansingh505@gmail.com

**ਸਾਰ (Abstract)**

*ਈਸ਼ਵਰ ਦਿਆਲ ਗੌੜ ਦਾ ਜਨਮ ਪੰਜਾਬ ਦੇ ਮਾਲਵਾ ਖੇਤਰ ਅਧੀਨ ਪੈਂਦੇ ਕਸਬੇ ਬੁਢਲਾਡਾ ਵਿਖੇ 1956 ਈ. ਵਿੱਚ ਹੋਇਆ। ਉਹ ਕਿੱਤੇ ਵਜੋਂ ਇਤਿਹਾਸ ਦੇ ਪ੍ਰੋਫੈਸਰ ਹਨ। ਹੱਥਲੇ ਖੋਜ-ਪੇਪਰ ਦਾ ਵਿਸ਼ਾ ਈਸ਼ਵਰ ਦਿਆਲ ਗੌੜ ਦੀ ਕਾਵਿ-ਪੁਸਤਕ 'ਸੁਰਮੇਦਾਨੀ' ਹੈ। ਇਸ ਪੁਸਤਕ ਵਿੱਚ ਕਵੀ ਨੇ ਪੰਜਾਬ ਦੇ ਇਤਿਹਾਸ ਨੂੰ ਸੱਭਿਆਚਾਰਕ ਪ੍ਰਵਚਨ ਰਾਹੀਂ ਸਿਰਜਿਆ ਹੈ। ਜਿਸ ਵਿੱਚੋਂ ਸਾਂਝੀ ਰਹਿਤਲ ਦੀ ਤਰਜਮਾਨੀ ਕਰਦੇ ਪੰਜਾਬ ਦਾ ਬਿੰਬ ਉਭਰਦਾ ਹੈ। ਅਜਿਹਾ ਪੰਜਾਬ ਜੋ ਮੌਜੂਦਾ ਸਮੇਂ ਦੇ ਪੰਜਾਬ ਤੋਂ ਬਿਲਕੁਲ ਵੱਖਰਾ ਹੈ ਅਤੇ ਜੋ ਕਵੀ ਦੇ ਤਸੱਵਰ ਵਿੱਚ ਅਮਿਟ ਯਾਦ ਵਾਂਗ ਵਸਿਆ ਹੋਇਆ ਹੈ। ਆਪਣੇ ਅਨੁਭਵ ਨੂੰ ਕਵੀ ਨੇ ਕਵਿਤਾਵਾਂ ਦਾ ਜਾਮਾ ਪਹਿਨਾਇਆ ਹੈ ਤੇ ਪੰਜਾਬੀ ਰਹਿਤਲ ਤੇ ਸੱਭਿਆਚਾਰ ਨਾਲ ਸੰਬੰਧਿਤ ਵਸਤੂਆਂ ਨੂੰ ਪ੍ਰਤੀਕ ਦੇ ਵਿੱਚ ਸਿਰਜਦੇ ਹੋਏ ਸਮਾਨ ਜੁੱਟ ਬਣਾ ਕੇ ਕਵਿਤਾਵਾਂ ਰਚੀਆਂ ਹਨ। ਸਮੁੱਚੀ ਪੁਸਤਕ ਦੀ ਵਿਉਂਤਬੰਦੀ ਵੱਖ-ਵੱਖ ਸਿਰਲੇਖਾਂ ਅਧੀਨ ਕੀਤੀ ਗਈ ਹੈ। ਹਥਲੇ ਖੋਜ ਪੇਪਰ ਵਿੱਚ ਤਿੰਨ ਸਿਰਲੇਖਾਂ:ਅੱਖ ਤੇਰੀ ਮੈਂ ਪਾਵਾਂ ਸੁਰਮ-ਸਲਾਈ, ਸੁਰਮੇਦਾਨੀ ਤੇ ਮਹਿਮਾਨ ਨਵਾਜ਼ੀ, ਸੁਰਮੇਦਾਨੀ ਦੇ ਵੱਡ-ਵਡੇਰੇ ਨੂੰ ਅਧਾਰ ਬਣਾਇਆ ਗਿਆ ਹੈ।*

**ਮੁੱਖ-ਸ਼ਬਦ (Keywords)**

*ਸੁਰਮੇਦਾਨੀ, ਪੰਜਾਬ ਦੀ ਲੋਕਧਾਰਾ, ਸਭਿਆਚਾਰਕ ਇਤਿਹਾਸ, ਪੰਜਾਬੀ ਰਹਿਤਲ, ਪਿੰਡ ਦੀ ਸੰਰਚਨਾ।*

ਈਸ਼ਵਰ ਦਿਆਲ ਗੌੜ ਨੇ ਪੰਜਾਬੀ ਸਾਹਿਤ 'ਤੇ ਮਹੱਤਵਪੂਰਨ ਕਾਰਜ ਕੀਤਾ ਹੈ ਜੋ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਹੋਇਆ ਹੈ, ਜਿਨ੍ਹਾਂ ਵਿੱਚੋਂ ਸੁਰਮੇਦਾਨੀ (1999), ਚਰਖਾ ਬੋਲੇ ਸਾਈਂ ਸਾਈਂ (2006), ਫਰੀਦਾ ਖਾਕੁ ਨ ਨਿੰਦੀਐ (ਪੰਜਾਬ ਦਾ ਵਿਰਸਾ: ਇਤਿਹਾਸਕਾਰੀ ਤੇ ਸਾਹਿਤਕਾਰੀ) (2016), ਪੜ੍ਹ ਅਖਰੁ ਏਹੁ ਬੁਝੀਐ (2018), ਕੌਣ ਆਇਆ ਪਹਿਨ ਲਿਬਾਸ ਕੁੜੇ(2020) ਆਦਿ ਪੁਸਤਕਾਂ ਪੰਜਾਬੀ ਵਿੱਚ ਅਤੇ Matyr As Bridegroom:A Folk Representation of Bhagat Singh (2008), Society, Religion and Patriarchy:Exploring Medieval Punjab Through Hir Waris (2009) ਆਦਿ ਪੁਸਤਕਾਂ ਅੰਗਰੇਜ਼ੀ ਵਿੱਚ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਉਹਨਾਂ ਨੇ ਆਪਣੀਆਂ ਰਚਨਾਵਾਂ ਰਾਹੀਂ ਪੰਜਾਬ ਦੇ ਇਤਿਹਾਸ ਨੂੰ ਇੱਥੋਂ ਦੇ ਸੱਭਿਆਚਾਰਕ ਪ੍ਰਵਚਨ ਰਾਹੀਂ ਸਮਝਿਆ ਹੈ। ਜਿਸ ਨੂੰ ਚਿਤਰਨ ਦੇ ਲਈ ਸਾਹਿਤ ਨੂੰ ਮਾਧਿਅਮ ਬਣਾਇਆ ਹੈ। ਇਸ ਸਬੰਧ ਵਿੱਚ ਜਿੱਥੇ ਉਹਨਾਂ ਦੀ ਪੁਸਤਕ 'ਫਰੀਦਾ ਖਾਕੁ ਨ ਨਿੰਦੀਐ' ਪੰਜਾਬ ਦੀ ਇਤਿਹਾਸਕਾਰੀ ਇਸਦੇ ਸੱਭਿਆਚਾਰ ਪ੍ਰਸੰਗ ਵਿੱਚ ਕਰਦੀ ਹੈ, ਉੱਥੇ ਸੁਰਮੇਦਾਨੀ ਕਾਵਿ ਪੁਸਤਕ ਰਾਹੀਂ ਪੰਜਾਬ ਦੇ ਇਤਿਹਾਸ ਦਾ ਸੱਭਿਆਚਾਰਕ ਬਿੰਬ ਕਵਿਤਾਵਾਂ ਰਹੀਂ ਉਘੜਦਾ ਹੈ।

'ਸੁਰਮੇਦਾਨੀ' ਪੰਜਾਬੀ ਰਹਿਤਲ ਦੀ ਤਰਜਮਾਨੀ ਕਰਦੀ ਕਾਵਿ-ਪੁਸਤਕ ਹੈ। ਇਸ ਕਾਵਿ-ਪੁਸਤਕ ਵਿੱਚ ਕਵੀ ਨੇ ਪੰਜਾਬੀ ਸਮਾਜ ਤੇ ਸਭਿਆਚਾਰ ਦੇ ਵੱਖ-ਵੱਖ ਪੱਖਾਂ ਨਾਲ ਸੰਬੰਧਤ ਕਵਿਤਾਵਾਂ ਲਿਖੀਆਂ ਹਨ ਜੋ ਪੰਜਾਬੀ ਸਭਿਆਚਾਰ ਦੀ ਸਮੁੱਚੀ ਨੁਹਾਰ ਆਪਣੇ ਕਲੇਵਰ ਵਿੱਚ ਸਮੇਟਦੀਆਂ ਹਨ। 'ਸੁਰਮੇਦਾਨੀ' ਪੰਜਾਬਣ ਮੁਟਿਆਰ ਦੇ ਹਾਰ-ਸ਼ਿੰਗਾਰ ਦਾ ਪ੍ਰਮੁੱਖ ਹਿੱਸਾ ਰਹੀ ਹੈ, ਜਿਸ ਨੂੰ ਕਵੀ ਮਨ ਨੇ ਪੰਜਾਬੀ ਰਹਿਤਲ ਦੇ ਪ੍ਰਤੀਕ ਵਜੋਂ ਸਿਰਜਿਆ ਹੈ। ਕਵੀ ਅਨੁਸਾਰ, "ਸੁਰਮੇਦਾਨੀ ਰਾਹੀਂ ਪੰਜਾਬੀ ਰਹਿਤਲ ਦੀ ਅਤੇ ਇਸ ਦੀ ਤਬ੍ਹਾ ਦੀ ਜੋ ਮੈਂ ਗੱਲਬਾਤ ਕੀਤੀ ਹੈ ਉਸ ਤੋਂ ਮੈਨੂੰ ਮਹਿਸੂਸ ਹੁੰਦਾ ਹੈ ਕਿ ਹਰ ਇੱਕ ਸਭਿਆਚਾਰਕ ਖਿੱਤੇ ਦੀ ਆਪਣੀ-ਆਪਣੀ

ਸੁਰਮੇਦਾਨੀ ਹੁੰਦੀ ਹੈ ਜੋ ਹਰ ਰਹਿਤਲੀ ਬਸ਼ਰ ਦੇ ਸਵੈ ਅੰਦਰ ਡੂੰਘੇ ਉੱਤਰੀ ਹੁੰਦੀ ਹੈ।" ਕਵੀ ਨੇ ਆਪਣੇ ਅੰਦਰ ਵਸੇ ਸੁਰਮੇਦਾਨੀ ਦੇ ਇਸ ਵਿਰਾਸਤੀ ਤਸੱਵਰ ਭਾਵ ਪੁਰਾਣੇ ਪੰਜਾਬ ਦੇ ਸਭਿਆਚਾਰਕ ਬਿੰਬ ਨੂੰ ਕਾਵਿ-ਸਿਰਜਣਾ ਰਾਹੀਂ ਸਿਰਜਿਆ ਹੈ। ਉਸ ਨੇ ਇਸ ਕਾਵਿ-ਪੁਸਤਕ ਦੀਆਂ ਕਵਿਤਾਵਾਂ ਦੀ ਵਿਉਂਤਬੰਦੀ ਇਸ ਪ੍ਰਕਾਰ ਕੀਤੀ ਹੈ ਕਿ ਉਨ੍ਹਾਂ ਨੂੰ ਪੰਜਾਬੀ ਸਭਿਆਚਾਰ ਦੇ ਪ੍ਰਤੀਕਾਂ ਵਜੋਂ ਸਿਰਜਦੇ ਹੋਏ ਸਮਾਨ ਜੁੱਟਾਂ ਵਿੱਚ ਰੱਖਿਆ ਹੈ। ਹਥਲੇ ਖੋਜ-ਪੇਪਰ ਵਿੱਚ ਇਸ ਕਾਵਿ-ਪੁਸਤਕ ਦੇ ਪਹਿਲੇ ਤਿੰਨ ਸਿਰਲੇਖਾਂ 'ਅੱਖ ਤੇਰੀ ਮੈਂ ਪਾਵਾਂ ਸੁਰਮ-ਸਲਾਈ', 'ਸੁਰਮੇਦਾਨੀ ਤੇ ਮਹਿਮਾਨ ਨਵਾਜ਼ੀ' ਅਤੇ 'ਸੁਰਮੇਦਾਨੀ ਦੇ ਵੱਡ-ਵਡੇਰੇ' ਨੂੰ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ।

'ਅੱਖ ਤੇਰੀ ਮੈਂ ਪਾਵਾਂ ਸੁਰਮ-ਸਲਾਈ' ਇਸ ਕਾਵਿ ਪੁਸਤਕ ਦੀ ਪਹਿਲੀ ਲੰਬੀ ਕਵਿਤਾ ਹੈ ਜਿਸ ਵਿੱਚ ਕਵੀ ਨੇ ਸਮੁੱਚੇ ਪੰਜਾਬ ਦਾ ਬਿੰਬ ਇਸ ਦੇ ਇਤਿਹਾਸਕ, ਭੂਗੋਲਿਕ ਤੇ ਸਭਿਆਚਾਰਕ ਪੱਖਾਂ ਤੋਂ ਸਿਰਜਿਆ ਹੈ। ਇਸ ਕਵਿਤਾ ਵਿੱਚ ਕਵੀ ਪੰਜਾਬ ਦੇ ਭੂਗੋਲਿਕ ਆਲੇ-ਦੁਆਲੇ ਦਾ ਜ਼ਿਕਰ ਕਰਦਿਆਂ ਵੱਖ-ਵੱਖ ਸਮੇਂ ਹੋਏ ਇਤਿਹਾਸਕ ਹਮਲਾਵਰਾਂ ਦੇ ਹਮਲਿਆਂ ਕਾਰਨ ਇਸ ਦੇ ਸਭਿਆਚਾਰਕ ਬਿੰਬ ਵਿੱਚ ਆਏ ਪਰਿਵਰਤਨਾਂ ਕਾਰਨ ਇਸ ਦੀ ਸਾਂਝੀ ਰਹਿਤਲ ਨੂੰ ਸਿਰਜਦੇ ਹੋਏ ਲਿਖਦਾ ਹੈ:

*ਇੱਥੇ ਹੀ ਨਸਲਾਂ, ਜਾਤਾਂ*
*ਕਬੀਲਿਆਂ ਤੇ ਮਜ਼ਬਾਂ ਦਾ*
*ਸੰਗਮ ਸੀ ਹੁੰਦਾ।*
*ਹੜੱਪਾਂ ਵਾਲਿਆਂ, ਆਰੀਆਂ,*
*ਈਰਾਨੀਆਂ, ਯੂਨਾਨੀਆਂ*
*ਸਿਥੀਅਨਾਂ, ਕੁਸ਼ਾਨਾਂ, ਹੂਨਾਂ,*
*ਅਰਬਾਂ, ਤੁਰਕਾਂ ਤੇ ਮੁਗਲਾਂ*
*ਪੰਜਾਬੋ ਦੇ ਵਿਹੜੇ 'ਚ ਹੀ*
*ਮੁਲਾਹਜ਼ੇਦਾਰੀ ਦੇ ਪਿੜ ਉਸਾਰੇ।*[1]

ਕਵੀ ਸਾਂਝੀ ਰਹਿਤਲ ਤੇ ਸਭਿਆਚਾਰਕ ਵਿਰਾਸਤ ਵਾਲੇ 'ਪੰਜਾਬ'ਦੀ ਰਸਮ-ਰਿਵਾਜ਼ਾਂ ਵਿੱਚ ਰੰਗੀ ਜੀਵਨ ਸ਼ੈਲੀ ਸਿਰਜਦਾ ਹੈ ਕਿਉਂਕਿ ਰਸਮ ਰਿਵਾਜ ਮਨੁੱਖੀ ਮਨ ਦੀਆਂ ਸਿੱਕਾਂ, ਸੱਧਰਾਂ ਤੇ ਜਜ਼ਬਿਆਂ ਦੀ ਤਰਜਮਾਨੀ ਕਰਦੇ ਹਨ। ਪੰਜਾਬੀ ਸਮਾਜ ਵਿੱਚ ਰਸਮ ਰਿਵਾਜਾਂ ਨੂੰ ਬਹੁਤ ਮਹੱਤਵ ਦਿੱਤਾ ਜਾਂਦਾ ਹੈ। *"ਹਰ ਭਾਈਚਾਰੇ ਦੇ ਆਪਣੇ ਵੱਖਰੇ ਰੀਤ ਰਿਵਾਜ ਤੇ ਮਨੌਤਾਂ ਹਨ, ਜੋ ਉਨ੍ਹਾਂ ਦੇ ਜੀਵਨ ਪ੍ਰਵਾਹ ਵਿਚੋਂ ਮੱਥ ਕੇ ਨਿੱਤਰ ਆਉਂਦੀਆਂ ਹਨ। ਰੀਤ ਰਿਵਾਜ ਕਿਸੇ ਜਾਤੀ ਦੇ ਵਿਸ਼ਵਾਸਾਂ, ਸੰਕਲਪਾਂ ਤੇ ਨਿਸਚਿਆਂ ਵਿਚੋਂ ਸਹਿਜ ਭਾਵ ਨਿੰਮਦੇ ਹਨ ਤੇ ਪੁਰਖੀ ਅਨੁਭਵ ਦੇ ਰੂਪ ਵਿੱਚ ਸਮੇਂ ਨਾਲ ਅੱਗੇ ਤੁਰਦੇ ਜਾਂਦੇ ਹਨ। ਇਨ੍ਹਾਂ ਵਿੱਚ ਭਾਈਚਾਰੇ ਦੀ ਆਸਥਾ ਸਾਹ ਲੈਂਦੀ ਹੈ, ਜਦੋਂ ਨਹੀਂ ਲੈਂਦੀ ਇਹ ਬਿਨ- ਸਾਂਸੇ ਆਪੇ ਮਰ ਜਾਂਦੇ ਹਨ।"*[2] ਹਰ ਖੇਤਰ ਦੀਆਂ ਰਸਮਾਂ ਵਿਚੋਂ ਉੱਥੋਂ ਦੇ ਲੋਕ ਸਮੂਹ ਦਾ ਜੀਵਨ ਅਨੁਭਵ ਤੇ ਵਿਸ਼ਵਾਸ ਝਲਦਾ ਹੈ। ਇਹ ਰੀਤਾਂ ਬੱਚੇ ਦੇ ਗਰਭ ਵਿੱਚ ਪੈਣ ਸਮੇਂ ਤੋਂ ਹੀ ਸ਼ੁਰੂ ਹੋ ਜਾਂਦੀਆਂ ਹਨ, ਜੀਵਨ ਦੇ ਹਰ ਪੜਾਅ 'ਤੇ ਰਸਮਾਂ ਉਸ ਦੇ ਨਾਲ ਰਹਿੰਦੀਆਂ ਹਨ ਤੇ ਉਸ ਦੀ ਅੰਤਿਮ ਅਰਦਾਸ ਤੱਕ ਚੱਲਦੀਆਂ ਹਨ। ਕਵੀ ਨੇ ਪੰਜਾਬੀ ਸਮਾਜ ਤੇ ਸਭਿਆਚਾਰ ਵਿੱਚ ਰਸਮ-ਰਿਵਾਜਾਂ ਦੇ ਮਹੱਤਵ ਨੂੰ ਸਮਝਦੇ ਹੋਏ ਇਸ ਦੇ ਸਭਿਆਚਾਰਕ ਬਿੰਬ ਨੂੰ ਉਜਾਗਰ ਕੀਤਾ ਹੈ:

*ਪੰਜਾਬੀ ਤਹਿਜ਼ੀਬ ਤਾਂ ਰਸਮਾਂ ਦੀ*
*ਤੋਰ ਤੁਰਦੀ ਹੋਈ*
*ਇਕ ਪੰਜਾਬਣ ਕੁੜੀ ਦਾ ਨਾਂ ਸੀ,*
*ਜੋ ਜੰਮਦੀ, ਜਿਉਂਦੀ ਤੇ ਵਿਦਾ ਵੀ*
*ਰਹੁ ਰੀਤਾਂ ਦੇ ਵਿਹੜੇ 'ਚੋਂ ਹੁੰਦੀ ਸੀ।*[3]

ਇਸੇ ਕਵਿਤਾ ਵਿੱਚ ਕਵੀ ਆਪਣੀ ਇਸ ਕਾਵਿ-ਪੁਸਤਕ ਦੀ ਸਿਰਜਣਾ ਦੇ ਸਬੱਬ ਨੂੰ ਵੀ ਉਜਾਗਰ ਕਰਦਾ ਹੈ। ਆਪਣੇ ਖ਼ਿਆਲ ਦੋਸਤਾਂ ਨਾਲ ਸਾਂਝੇ ਕਰਨ 'ਤੇ ਕਵੀ ਨੂੰ ਕਰੜੀ ਆਲੋਚਨਾ ਦਾ ਸਾਹਮਣਾ ਕਰਨਾ ਪੈਂਦਾ ਹੈ, ਜਦੋਂ ਉਸ ਦੇ ਸਾਥੀ ਉਸ ਦੇ ਖਿਆਲਾਂ ਨੂੰ ਜਗੀਰਦਾਰੀ ਚੇਤਨਾ ਨਾਲ ਤੁਲਨਾ ਕੇ ਰੱਦ ਕਰ ਦਿੰਦੇ ਹਨ ਤੇ 'ਜਿੱਧਰ ਗਏ ਬਾਣੀਏ ਓਧਰ ਗਏ ਗ੍ਰਾਹਕ' ਅਖਾਣ ਨਾਲ ਉਸ ਦੇ ਵਿਚਾਰਾਂ ਦੀ ਮਿਆਦ ਪੁੱਗਣ ਦਾ ਅਹਿਸਾਸ ਕਰਵਾਉਂਦੇ ਹਨ ਪਰ ਕਵੀ ਆਪਣੇ ਮਨ ਅੰਦਰ ਆਪਣੀ 'ਸੁਰਮੇਦਾਨੀ' ਭਾਵ ਪੰਜਾਬੀ ਰਹਿਤਲ ਦੀ ਤਸਵੀਰ ਲਕੋਈ ਰੱਖਦਾ ਹੈ ਜਿਸ ਨੂੰ ਉਹ ਕਵਿਤਾ ਰਾਹੀਂ ਪਾਠਕਾਂ ਨਾਲ ਸਾਂਝੇ ਕਰਦਾ ਹੈ ਜਿਸ ਵਿਚੋਂ ਪੁਰਾਣੇ ਪੰਜਾਬੀ ਸਮਾਜ ਦੇ ਸਭਿਆਚਾਰਕ ਬਿੰਬ ਦੀ ਉਸਾਰੀ ਹੁੰਦੀ ਹੈ।

*ਹਰ ਰੋਜ਼ ਇੱਕ ਇੱਕ ਸਲਾਈ ਸੁਰਮੇ ਦੀ*
*ਅੱਖਾਂ 'ਚ ਪਾਉਂਦਾ*
*ਪਿੱਤਲ ਦੇ ਇੱਕ ਇੱਕ ਭਾਂਡੇ 'ਤੇ*
*ਉੱਭਰੀ ਇਬਾਰਤ ਨੂੰ ਪੜ੍ਹਦਾ*
*ਉਸ ਦੀ ਬਣਤਰ ਨੂੰ ਗਹੁ ਨਾਲ ਤੱਕਦਾ*
*ਰੇਤ ਦੀਆਂ ਪਰਤਾਂ ਆਪਣੀ ਵਿਰਾਸਤ ਤੋਂ ਪੂੰਝਦਾ*
*ਭਾਂਡਿਆਂ 'ਤੇ ਸੁੱਤੇ ਪਏ ਅਤੀਤ ਨੂੰ ਜਗਾਉਂਦਾ*
*ਤੇ ਸੁਰਮੇਦਾਨੀ ਦਾ ਇੱਕ ਇੱਕ ਵਰਕ ਲਿਖ ਛੱਡਦਾ।*[4]

ਕਾਵਿ-ਪੁਸਤਕ ਦਾ ਅਗਲਾ ਭਾਗ 'ਸੁਰਮੇਦਾਨੀ ਤੇ ਮਹਿਮਾਨ ਨਵਾਜ਼ੀ' ਹੈ ਜਿਸ ਅਧੀਨ ਕਵੀ ਨੇ 'ਵਿਹੜਾ ਤੇ ਪਿੰਡ', 'ਦਰਵਾਜ਼ਾ', ਅਤੇ 'ਮਹਿਮਾਨ' ਕਵਿਤਾਵਾਂ ਸ਼ਾਮਿਲ ਕੀਤੀਆਂ ਹਨ। ਪਿੰਡ, ਵਿਹੜਾ ਤੇ ਦਰਵਾਜ਼ਾ ਪੰਜਾਬੀ ਸਮਾਜ ਦੀ ਬਣਤਰ ਦੀਆਂ ਮੁੱਢਲੀਆਂ ਇਕਾਈਆਂ ਹਨ। ਕਵੀ ਨੇ 'ਪਿੰਡ' ਨੂੰ ਸਰਬ-ਸਾਂਝੀਵਾਲਤਾ ਦੇ ਪ੍ਰਤੀਕ ਵਜੋਂ ਸਿਰਜਿਆ ਹੈ। ਪਿੰਡ ਅਜਿਹਾ ਘੇਰਾ ਹੈ ਜਿਸ ਵਿੱਚ ਵੱਖ-ਵੱਖ ਜਾਤਾਂ, ਧਰਮਾਂ ਤੇ ਗੋਤਾਂ ਦੇ ਲੋਕ ਸਾਂਝੀ ਰਹਿਤਲ 'ਚ ਵਿੱਚਰਦੇ ਹਨ ਜਿੰਨਾਂ ਨੂੰ ਕਵੀ ਨੇ ਸੂਤ ਦੀਆਂ ਤੰਦਾਂ ਨਾਲ ਤੁਲਨਾਇਆ ਹੈ ਕਿਸੇ ਇਕ ਤੰਦ ਦਾ ਖੁੱਸਣਾ ਸਮੁੱਚੇ ਤਾਣੇ 'ਚ ਵਿੱਥ ਪੈਣਾ ਹੈ। 'ਪਿੰਡ' ਤੋਂ ਛੋਟੀ ਤੰਦ ਭਾਵ ਇਕਾਈ ਵਿਹੜਾ ਹੈ ਜੋ ਅਪਣੱਤ, ਅਣਖ, ਸੁਰੱਖਿਆ, ਸਾਂਝੇਦਾਰੀ ਤੇ ਭਾਈਚਾਰੇ ਦਾ ਪ੍ਰਤੀਕ ਹੈ। ਪੰਜਾਬੀ ਸਮਾਜ ਵਿੱਚ ਖੁੱਲ੍ਹਾ-ਡੁੱਲ੍ਹਾ ਵਿਹੜਾ ਪੰਜਾਬੀ ਬੰਦੇ ਦੇ ਖੁੱਲ੍ਹੇ-ਡੁੱਲ੍ਹੇ ਸੁਭਾਅ ਨੂੰ ਸਿਰਜਦਾ ਹੈ।

ਪੁਰਾਣੇ ਪੰਜਾਬ ਵਿੱਚ ਹਰ ਪਿੰਡ ਦਾ ਆਪਣਾ ਦਰਵਾਜ਼ਾ ਹੁੰਦਾ ਸੀ। ਇਹ ਦਰਵਾਜ਼ਾ ਪਿੰਡ ਦੀ ਸੁਰੱਖਿਆ ਦਾ ਕਵਚ ਮੰਨਿਆ ਜਾਂਦਾ ਸੀ, ਸਾਰਾ ਪਿੰਡ ਦਰਵਾਜ਼ੇ ਦੇ ਅੰਦਰ ਸੁੱਖ ਦੀ ਨੀਂਦ ਸੌਂ ਸਕਦਾ ਸੀ। ਪਰ ਇਹ ਦਰਵਾਜ਼ੇ ਸਿਰਫ਼ ਸਰੁੱਖਿਅਤਾ ਪੱਖੋਂ ਹੀ ਨਹੀਂ ਸਗੋਂ ਸਮਾਜਿਕ ਤੇ ਸਭਿਆਚਾਰਕ ਪੱਖੋਂ ਵੀ ਆਪਣਾ ਦਰਜਾ ਰੱਖਦੇ ਹਨ। ਪਿੰਡ ਦਾ ਦਰਵਾਜ਼ਾ ਹੀ ਬਾਹਰੋਂ ਆਏ ਕਿਸੇ ਰਾਹਗੀਰ ਦੀ ਠਾਹਰ ਬਣਦਾ ਸੀ। ਪਿੰਡ ਦੇ ਦਰਵਾਜ਼ੇ ਵਿੱਚ ਹੀ ਪਿੰਡ ਦੀਆਂ ਧੀਆਂ ਦੀਆਂ ਜੰਞਾਂ ਦਾ ਸਵਾਗਤ ਕੀਤਾ ਜਾਂਦਾ ਸੀ। ਪਿੰਡ ਦਾ ਦਰਵਾਜ਼ਾ ਉਸ ਪਿੰਡ ਦੇ ਲੋਕਾਂ ਦੀ ਇੱਜ਼ਤ ਦਾ ਪ੍ਰਤੀਕ ਵੀ ਸੀ,

ਇਸੇ ਲਈ ਪਿੰਡ ਨੂੰ ਕਲੰਕਿਤ ਕਰਨ ਵਾਲੀ ਕੋਈ ਵੀ ਗੱਲ ਇਹ ਦਰਵਾਜ਼ੇ ਆਪਣੇ ਅੰਦਰ ਸਮਾ ਲੈਂਦੇ ਸਨ ਤੇ ਪਿੰਡ ਤੋਂ ਬਾਹਰ ਨਹੀਂ ਜਾਣ ਦਿੰਦੇ ਸਨ। ਪੰਜਾਬ ਦੀ ਲੋਕਧਾਰਾ ਪਿੰਡ ਦੇ ਇਨ੍ਹਾਂ ਦਰਵਾਜ਼ਿਆਂ ਵਿਚੋਂ ਦੀ ਹੋ ਕੇ ਹੀ ਆਮ ਲੋਕਾਂ ਤੱਕ ਪਹੁੰਚਦੀ ਹੈ। ਇਹ ਸਾਡੇ ਮਾਣ-ਮੱਤੇ ਇਤਿਹਾਸ ਦੇ ਗਵਾਹ ਵੀ ਹਨ। ਕਵੀ ਨੇ ਦਰਵਾਜ਼ੇ ਨੂੰ ਦਰਵੇਸ ਮੰਨਿਆ ਹੈ ਜੋ ਹਰ ਇਕ ਦੀ ਮਹਿਮਾਨ-ਨਵਾਜ਼ੀ ਕਰਦਾ ਹੈ।

*ਮੋਹ ਤੇ ਮਹਿਮਾਨ ਨਿਵਾਜ਼ੀ*
*ਇਸਦੇ ਦੋ ਪੱਲੇ ਨੇ*
*ਦੋਵੇਂ ਇਕੱਠੇ ਹੀ ਖੁੱਲਦੇ ਨੇ*
*ਤੇ ਦੋਵਾਂ ਦੀਆਂ ਚੂਲਾਂ*
*ਦਰਵਾਜ਼ੇ ਦਾ ਵਜੂਦ ਹੁੰਦੀਆਂ ਨੇ।*[5]

ਪਿੰਡ ਦੇ ਦਰਵਾਜ਼ੇ ਵਿਚੋਂ ਲੰਘਣ ਵਾਲਾ ਮਹਿਮਾਨ ਕਿਸੇ ਇਕ ਘਰ ਦਾ ਨਹੀਂ ਸਗੋਂ ਸਾਰੇ ਪਿੰਡ ਦਾ ਮਹਿਮਾਨ ਹੁੰਦਾ ਸੀ, ਜਿਸ ਦੀ ਮਹਿਮਾਨ ਨਿਵਾਜ਼ੀ ਵਿੱਚ ਸਾਰਾ ਪਿੰਡ ਰੁੱਝ ਜਾਂਦਾ ਸੀ। 'ਵਿਹੜਾ ਤੇ ਪਿੰਡ', 'ਦਰਵਾਜ਼ਾ', ਅਤੇ 'ਮਹਿਮਾਨ' ਕਵਿਤਾਵਾਂ ਵਿਚੋਂ ਝਲਕਦਾ ਸਾਂਝਾ ਭਾਈਚਾਰਾ ਤੇ ਮਹਿਮਾਨ-ਨਿਵਾਜ਼ੀ, ਪੰਜਾਬੀ ਰਹਿਤਲ ਦਾ ਵਿਸ਼ੇਸ਼ ਲੱਛਣ ਹੈ।

ਟੋਬਾ, ਪਹਾ, ਗੁਹਾਰਾ, ਖੂਹ, ਘੜਾ, ਖੰਘੂਰਾ, ਖੂੰਡਾ, ਗਿੱਧਾ, ਲੋਹੜੀ ਤੇ ਸੰਦੂਕ ਕਵਿਤਾਵਾਂ ਨੂੰ ਕਵੀ ਨੇ 'ਸੁਰਮੇਦਾਨੀ ਦੇ ਵੱਡ-ਵਡੇਰੇ' ਸਿਰਲੇਖ ਅਧੀਨ ਚਿੱਤਰਿਆ ਹੈ। ਆਮ ਸਧਾਰਨ ਅਰਥਾਂ ਵਿੱਚ ਟੋਬਾ ਪਿੰਡ ਦੀ ਸੰਰਚਨਾ ਵਿੱਚ ਪਿੰਡੋਂ ਬਾਹਰਵਾਰ ਬਣਿਆ ਪਾਣੀ ਦਾ ਸੋਮਾ ਹੈ ਜੋ ਪਿੰਡ ਦੀਆਂ ਪਾਣੀ ਸੰਬੰਧੀ ਜ਼ਰੂਰਤਾਂ ਪੂਰਾ ਕਰਦਾ ਹੈ। ਡਾ. ਵਣਜਾਰਾ ਬੇਦੀ ਅਨੁਸਾਰ ਟੋਬਾ *"ਪਿੰਡ ਦਾ ਛੱਪੜ ਜਿਥੇ ਤੀਵੀਆਂ ਕੱਪੜੇ ਧੋਂਦੀਆਂ, ਪਸ਼ੂ ਪਾਣੀ ਪੀਂਦੇ ਤੇ ਲੋਕ ਨਹਾਉਂਦੇ ਹਨ। ਪਿੰਡ ਦੇ ਜੀਵਨ-ਪ੍ਰਵਾਹ ਵਿੱਚ ਟੋਬੇ ਦੀ ਆਪਣੀ ਥਾਂ ਹੈ।"*[6] ਪਰ ਕਵੀ ਨੂੰ 'ਟੋਬਾ' ਆਪਣਾ ਵੱਡ-ਵਡੇਰਾ ਪ੍ਰਤੀਤ ਹੁੰਦਾ ਹੈ ਇਸੇ ਲਈ ਉਹ ਟੋਬੇ ਨੂੰ 'ਬਾਬਾ ਟੋਬਾ' ਕਹਿ ਕੇ ਵਡਿਆਉਂਦਾ ਹੈ। ਕਵੀ ਨੇ 'ਟੋਬੇ' ਦੇ ਦਰਵੇਸ਼, ਨਿਸ਼ਕਾਮ-ਸੇਵਾ ਭਾਵ ਨਾਲ ਭਰੇ ਅਦਬੀ ਸੁਭਾਅ ਨੂੰ ਚਿੱਤਰਿਆ ਹੈ। ਉਹ 'ਬਾਬੇ ਟੋਬੇ' ਨੂੰ ਸਮੁੱਚੇ 'ਪੰਜਾਬ' ਦਾ ਪ੍ਰਤੀਕ ਬਣਾ ਕੇ, ਪੰਜਾਬ ਦੀ ਹੋਣੀ (ਸੰਤਾਲੀ ਦੀ ਵੰਡ) ਦਾ ਚਿਤਰਨ ਇਸ ਪ੍ਰਕਾਰ ਕਰਦਾ ਹੈ:

*ਅੱਧੀ ਰਾਤ ਦਾ ਲਾਹਾ ਤੱਕ*
*ਕੋਈ ਚਤੁਰ ਰਾਜ ਟੋਬੇ 'ਚ ਸਿਰੋਂ ਉੱਚੀ*
*ਕੰਧ ਕੱਢ ਗਿਆ, ਤੇ ਸ਼ੈਤਾਨ ਲੱਕੜਹਾਰਾ*
*ਇਸ ਫ਼ੱਕਰ ਦੀ ਕੁੱਲੀ ਦੀ*
*ਸ਼ਤੀਰ ਨੂੰ ਦੋਫਾੜ ਕਰ ਗਿਆ।*
*ਇੱਕੋ ਹੀ ਢਾਬ ਦੇ ਕਿਨਾਰੇ ਟਹਿਕਦੇ ਦੋ ਬਰੋਟੇ*
*ਵੱਖ-ਵੱਖ ਰਾਹਾਂ ਤੇ ਟੁਰ ਪਏ*
*ਰੁੱਖਾਂ ਦਾ ਚਲਣਾ ਪੁੱਠੇ ਪੈਰਾਂ ਵਾਲੇ ਭੂਤ ਵਰਗੀ*
*ਅਣਹੋਣੀ ਗੱਲ ਸੀ*
*ਰੁੱਖਾਂ ਦੀ ਛਾਂ ਵੀ ਦਿਨ ਦਿਹਾੜੇ ਕਿਧਰੇ ਉੱਡ ਗਈ*
*ਸੂਰਜ ਨੂੰ ਆਪਣੀ ਚਮਕ ਦੀ ਸਤਿਆ 'ਤੇ*
*ਸ਼ੱਕ ਹੋ ਗਿਆ*
*ਬੇ-ਪਰਤੀਤੀ, ਬੇ-ਵਿਸਾਹੀ ਦੇ ਆਲਮ 'ਚ*
*ਬਿਨਾਂ ਛਾਂ ਦੇ ਰੁੱਖ ਪਾਗਲ ਹੋ ਗਏ*
*ਇਕ ਦੂਜੇ ਨੂੰ ਖਾਣ ਲੱਗੇ*
*ਆਪਣੀਆਂ ਹੀ ਲਗਰਾਂ ਨੂੰ ਵੱਢਣ ਲੱਗੇ*
*ਖ਼ਬਰੇ ਕੋਈ ਛਲੇਡਾ ਟੋਬੇ 'ਚ ਆ ਵੜਿਆ ਹੋਵੇ*
*ਜਾਂ ਟੋਬੇ ਨੂੰ ਕੋਈ ਟੋਕ ਟੁਕ ਗਈ ਹੋਵੇ।*[7]

ਵੰਡ ਦੀ ਇਸ ਮਾਰੂ ਹਨ੍ਹੇਰੀ ਤੋਂ ਬਾਅਦ ਉੱਜੜੇ ਪਿੰਡਾਂ ਦੇ ਜੁੱਸੇ ਨੂੰ ਸੰਵਾਰਨ ਲਈ ਬਾਬੇ ਟੋਬੇ ਨੇ ਹੀ ਆਪਣੇ ਢਿੱਡ ਵਿਚੋਂ ਮਿੱਟੀ ਕੱਢ ਕੇ ਘਰਾਂ ਨੂੰ ਲਿੱਪਿਆ-ਪੋਚਿਆ ਤੇ ਮੁੜ ਵਸੇਬੇ ਲਈ ਸਾਧਨ ਜੁਟਾਏ। ਕਵੀ ਅਨੁਸਾਰ ਇਸ ਨਿਸ਼ਕਾਮ ਸੇਵਾ ਵਿੱਚ ਰੁੱਝਿਆ ਟੋਬਾ ਆਪਣੇ ਧੀਆਂ-ਪੁੱਤਰਾਂ ਨੂੰ ਸਮਰਪਤ ਹੋ ਗਿਆ।

'ਪਹਾ' ਕਵਿਤਾ ਰਾਹੀਂ ਕਵੀ ਨੇ ਪੈਰਾਂ (ਮਨੁੱਖ) ਦੇ ਪੈਦਲ ਤੁਰਨ ਤੋਂ ਲੈ ਕੇ ਗੱਡੀਆਂ 'ਚ ਸਵਾਰ ਹੋਣ ਤੱਕ ਦੇ ਇਤਿਹਾਸ ਨੂੰ ਕਾਵਿ-ਬਿਰਤਾਂਤ ਰਾਹੀਂ ਸਿਰਜਿਆ ਹੈ। ਕਵੀ ਅਨੁਸਾਰ ਅਨੇਕਾਂ ਪੈਰਾਂ ਨੇ ਭੂਰੀ ਖੇਸੀ ਵਾਲੇ ਬਾਬੇ ਪਹੇ ਨੂੰ ਸਮਾਧੀ ਤੋਂ ਜਗਾ ਕੇ ਆਪਣਾ ਸਾਰਥੀ ਬਣਾਇਆ ਤੇ ਤੁਰਨ ਦਾ ਸਲੀਕਾ ਸਿੱਖਿਆ। ਪਹੇ ਨੇ ਆਪਣੇ ਪੁੱਤਰ (ਪੈਰਾਂ) ਦੀ ਪਰਵਰਿਸ਼ ਲਈ ਆਪਣੇ ਵਿਹੜੇ ਰੁੱਖ ਲਗਾਏ ਤੇ ਉਨ੍ਹਾਂ ਨੂੰ ਛਾਵਾਂ ਕੀਤੀਆਂ। ਪਹੇ ਦੀਆਂ ਧੀਆਂ 'ਖੂਹੀ' ਤੇ 'ਹਲਟੀ' ਨੇ ਪਹੇ ਦੇ ਪੁੱਤਰਾਂ ਲਈ ਠਾਹਰ ਬਣਾਈ ਤਾਂ ਜੋ ਉਹ ਸਫ਼ਰ ਦੌਰਾਨ ਕੁੱਝ ਸਮਾਂ ਅਰਾਮ ਕਰ ਸਕਣ। ਪਹੇ ਨੇ ਸਿਧਾਰਥ ਤੋਂ ਬੁੱਧ ਬਣੇ ਪੈਰਾਂ ਨੂੰ ਵੀ ਤੱਕਿਆ ਤੇ ਮਰਦਾਨੇ ਦੇ ਰਬਾਬ ਦੀ ਇਲਾਹੀ ਧੁਨ ਵੀ ਪਹੇ ਦੇ ਰੋਮ-ਰੋਮ 'ਚ ਵਸੀ ਹੋਈ ਸੀ। ਹੌਲੀ-ਹੌਲੀ ਸਮੇਂ ਦੀ ਤਬਦੀਲੀ ਨੇ ਪਹੇ ਦੇ ਪੁੱਤਰਾਂ ਭਾਵ ਪੈਰਾਂ ਨੇ ਚੱਲਣਾ ਛੱਡ ਭੱਜਣਾ ਸ਼ੁਰੂ ਕਰ ਦਿੱਤਾ। ਉਹ ਸਮੇਂ ਦੀ ਰਫ਼ਤਾਰ ਨਾਲ ਆਪਣੇ ਆਪ ਨੂੰ ਮੇਚ ਰਹੇ ਸਨ ਅਜਿਹੇ ਸਮੇਂ 'ਪਹੇ' ਦਾ 'ਸੜਕ' ਵਿੱਚ ਬਦਲਣਾ ਕਵੀ ਲਈ 'ਪਹੇ' ਦੀ ਮੌਤ ਤੇ 'ਸੜਕ' ਪਹੇ ਦੀ ਮੜੀ ਬਰਾਬਰ ਹੈ।

*ਜਦ ਬਿਰਧ ਪਹਾ ਖੰਘਿਆ*
*ਕਿ ਭੱਜਦੇ ਪੈਰਾਂ ਨੂੰ ਗੁੱਸਾ ਆ ਗਿਆ*
*ਖੰਘ ਨੇ ਉਨ੍ਹਾਂ ਦੀ ਭਾਜ 'ਚ ਖਲਲ ਪਾ ਦਿੱਤਾ*
*ਕਰੋਧ 'ਚ ਆਏ ਪੈਰਾਂ ਨੇ*
*ਜਿਉਂਦੇ ਪਹੇ ਤੇ ਹੀ 'ਕਾਲਾ ਕਫ਼ਨ' ਪਾ*
*ਧਰਤੀ 'ਚ ਦਫ਼ਨਾ ਦਿੱਤਾ*
*ਰੋੜੀ ਤੇ ਲੁੱਕ ਦੀ*
*ਉਨ੍ਹਾਂ ਪਹੇ ਦੀ ਮੜੀ ਵੀ ਉਸਾਰ ਦਿੱਤੀ।*[8]

'ਪਹੇ' ਤੋਂ ਸੜਕ ਤੱਕ ਦਾ ਇਹ ਬਿਰਤਾਂਤ ਪੰਜਾਬੀ ਸਮਾਜ ਦੇ ਪੁਰਾਤਨਤਾ ਤੋਂ ਆਧੁਨਿਕਤਾ ਵੱਲ ਵੱਧਦੇ ਕਦਮਾਂ ਦੀ ਨਿਸ਼ਾਨਦੇਹੀ ਕਰਦਾ ਹੈ। ਇਸੇ ਲਈ ਕਵੀ ਲਈ 'ਪਹਾ' ਭੂਰੀ ਖੇਸੀ ਵਾਲਾ ਬਾਬਾ ਹੈ ਜੋ ਉਸ ਦੇ ਵੱਡ-ਵਡੇਰਿਆਂ ਦਾ ਦਰਜਾ ਰੱਖਦਾ ਹੈ।

'ਗੁਹਾਰਾ' ਕਵੀ ਲਈ ਪਿੰਡ ਦੇ ਦਰਵਾਜ਼ੇ ਵਿੱਚ ਬੈਠੇ ਉਸ ਬਜ਼ੁਰਗ ਸਮਾਨ ਰੁਤਬਾ ਰੱਖਦਾ ਹੈ ਜੋ ਆਪਣੇ ਬੱਚਿਆਂ ਲਈ ਹਰ ਦੁੱਖ-ਸੁੱਖ ਦੇ ਸਮੇਂ ਓਟ ਬਣ ਖੜ੍ਹਦਾ ਹੈ। ਸੁੱਖ ਵੇਲੇ ਆਪਣਾ ਆਪਾ ਵਾਰ ਪੁੱਤਰਾਂ ਦੀਆਂ ਲੋਹੜੀਆਂ ਬਾਲਦਾ ਹੈ ਤੇ ਵੇਲੇ-ਕੁਵੇਲੇ ਇਸ ਫਾਨੀ ਸੰਸਾਰ ਤੋਂ ਵਿਦਾ ਹੋਏ ਆਪਣੇ ਬੱਚਿਆਂ ਨੂੰ ਆਪਣੀ ਜਿੰਦ ਵਿੱਚ

ਸਮੇਟ ਲੈਂਦਾ ਹੈ। 'ਗੁਹਾਰੇ' ਦੇ ਇਸ ਆਪਾ ਵਾਰਨ ਦੇ ਭਾਵ ਨੂੰ ਸਿਰਜਦੇ ਹੋਏ ਕਵੀ *ਲਿਖਦਾ ਹੈ:*

*ਇਸਦੇ ਧੀਆਂ ਪੁੱਤ*
*ਜਦ ਵੇਲੇ ਕੁਵੇਲੇ*
*ਜੱਗ ਤੋਂ ਵਿਦਾ ਹੁੰਦੇ*
*ਬਾਬਾ ਗੁਹਾਰਾ ਵਿਸਮ ਜਾਂਦਾ*
*ਵਿਛੋੜੇ ਦਾ ਦਰਦ ਬੜਾ ਹੀ ਅਸਹਿ ਹੁੰਦਾ*
*ਭਾਂਬੜ ਬਣ ਮੱਚ ਉੱਠਦਾ*
*ਗੁਹਾਰੇ ਦਾ ਵਿੱਡ*
*ਮੋਈ ਜਿੰਦ ਨੂੰ ਆਪਣੀ ਬੁੱਕਲ 'ਚ ਲੈ*
*ਸੁਲਗਦਾ ਸੁਲਗਦਾ ਸ਼ਾਂਤ ਹੋ ਜਾਂਦਾ।*[9]

'ਘੜਾ' ਕਵਿਤਾ ਵਿੱਚ ਕਵੀ ਨੇ 'ਘੜੇ' ਦੇ ਇਤਿਹਾਸ ਦੀ ਨਿਸ਼ਾਨਦੇਹੀ ਕਰਦੇ ਹੋਏ ਇਸ ਦਾ ਸੰਬੰਧ ਸ੍ਰਿਸ਼ਟੀ ਸਿਰਜਣ ਵਾਲੇ ਦੇਵਤਾ 'ਬ੍ਰਹਮਾ' ਦੇ ਪੁੱਤਰ 'ਪਰਜਾਪਤੀ' ਦੀ ਕੁੱਲ ਨਾਲ ਜੋੜਿਆ ਹੈ। 'ਘੜੇ' ਦੇ ਸੇਵਾ-ਭਾਵ ਨਾਲ ਭਰੇ ਸੁਭਾਅ ਨੂੰ ਚਿੱਤਰਦਿਆਂ ਕਵੀ ਨੇ ਪੰਜਾਬੀ ਰਹਿਤਲ ਵਿੱਚ 'ਘੜੇ' ਦੁਆਰਾ ਨਿਭਾਏ ਜਾਂਦੇ ਵੱਖ-ਵੱਖ ਕਾਰਜਾਂ ਦੀ ਨਿਸ਼ਾਨਦੇਹੀ ਵੀ ਕੀਤੀ ਹੈ। ਪਿਆਸੇ ਰਾਹੀਆਂ ਦੀ ਪਿਆਸ ਬੁਝਾਉਣ ਤੋਂ ਲੈ ਕੇ ਘੜਾ ਧਨ-ਦੌਲਤ ਨੂੰ ਆਪਣੇ ਅੰਦਰ ਸਮੇਟ ਕੇ ਧਰਤੀ ਹੇਠ ਉੱਤਰ ਜਾਂਦਾ ਹੈ ਤੇ ਔਖੇ ਸਮੇਂ ਤੇ ਕੰਮ ਆਉਂਦਾ ਹੈ। ਦੇਵਤਿਆਂ ਦੇ ਸੋਮਰਸ ਨੂੰ ਵੀ 'ਘੜੇ' ਨੇ ਹੀ ਆਪਣੇ ਅੰਦਰ ਸਮੇਟਿਆ ਸੀ। ਕਵੀ ਅਨੁਸਾਰ 'ਘੜਾ' ਕਦੇ 'ਕੁੱਜਾ' ਬਣ ਕੇ ਚੰਦ ਨੂੰ ਅਰਗ ਦਿੰਦਾ ਹੈ ਤੇ ਕਦੇ 'ਚੂੰਗੜਾ' ਬਣ ਚਾਨਣ-ਮੁਨਾਰਾ ਵੀ ਬਣਦੈ, ਕਦੇ ਗੁੱਗੇ-ਪੀਰ ਲਈ ਸੇਵੀਆਂ ਵੱਟਦੈਂ, ਕਦੇ ਗੁੜ ਨੂੰ ਆਪਣੇ ਅੰਦਰ ਸੰਭਾਲ ਉਸ ਦੀ ਮਿਠਾਸ ਵੰਡਦੈਂ, ਕਦੇ ਚੁੱਲ੍ਹੇ ਉੱਤੇ ਤਪ ਕੇ ਸਾਗ-ਸਬਜ਼ੀ ਵੀ ਰਿੰਨ੍ਹ ਦਿੰਦੈ, ਇਸ ਪ੍ਰਕਾਰ ਪੰਜਾਬੀ ਰਹਿਤਲ ਅੰਦਰ 'ਘੜਾ' ਇਸ ਤਰ੍ਹਾਂ ਸਮਾਇਆ ਹੋਇਆ ਹੈ ਕਿ ਮਨੁੱਖ ਦੇ ਅੰਤਿਮ ਸਫ਼ਰ ਤੇ ਵੀ ਉਸ ਦਾ ਸਾਥ ਨਿਭਾਉਂਦਾ ਹੈ।

*ਮੋਹ ਮਮਤਾ ਦਾ ਬੇ-ਮਿਸਾਲ ਜ਼ਖ਼ੀਰਾ*
*ਮੋਏ ਦੇ ਜਨਾਜ਼ੇ ਨਾਲ*
*ਮਸਾਣਾਂ ਵੱਲ ਆਪ ਵੀ ਰੁਖਸਤ ਹੁੰਦੈ*
*ਬਿਰਹਾ ਦਾ ਵਲੂੰਦਰਿਆ*
*ਮੋਈ ਦੇਹ ਦੇ ਰੁਖ਼ਸਤ ਹੋਣ ਤੋਂ ਪਹਿਲਾਂ*
*ਆਪ ਹੀ ਤਿੜਕ ਜਾਂਦੈ*
*ਮਸਾਣ ਜਾਂ ਮੰਦਰ ਦੇ ਕਿਸੇ ਰੁੱਖ 'ਤੇ ਬੈਠਾ*
*ਕਈ ਦਿਨ ਤੱਕ ਛਮ-ਛਮ ਰੋਂਦਾ ਰਹਿੰਦਾ।*[10]

ਇਸੇ ਤਰ੍ਹਾਂ ਕਵੀ 'ਘੰਘੂਰੇ'ਦੇ ਪੰਜਾਬੀ ਰਹਿਤਲ ਵਿੱਚ ਵਸੇ ਬਿੰਬ ਨੂੰ ਵੀ ਚਿੱਤਰਦਾ ਹੈ। ਪੰਜਾਬੀ ਰਹਿਤਲ ਵਿੱਚ 'ਘੰਘੂਰਾ' ਕਈ ਤਰ੍ਹਾਂ ਦੇ ਅਰਥਾਂ ਦਾ ਧਾਰਨੀ ਹੈ, ਕਦੇ ਇਹ ਪੰਜਾਬੀ 'ਅਣਖ'ਦਾ ਪ੍ਰਤੀਕ ਬਣ ਉੱਭਰਦਾ ਹੈ, ਕਦੇ ਪ੍ਰੀਤਮ-ਪਿਆਰੇ ਦੀ ਮਿਲਣੀ ਦੇ ਸੰਕੇਤਮਈ ਅਰਥ ਸਿਰਜਦਾ ਹੈ, ਕਦੇ ਬਜ਼ੁਰਗ ਦੇ ਘਰ ਆਉਣ ਦਾ ਸੰਦੇਸ਼ ਦਿੰਦਾ ਘਰ ਦੀਆਂ ਨੂੰਹਾਂ ਨੂੰ ਚੌਕੰਨੇ ਕਰਦਾ ਆਪਣਾ ਫਰਜ਼ ਨਿਭਾਉਂਦਾ ਹੈ। ਪੰਜਾਬੀ ਰਹਿਤਲ ਵਿੱਚ 'ਖੰਘੂਰੇ' ਦੀ ਅਹਿਮੀਅਤ ਨੂੰ ਬਿਆਨ ਕਰਦਿਆਂ ਕਵੀ ਦਾ ਮੰਨਣਾ ਹੈ ਕਿ,

*ਅਸਲ ਇਹ ਖੰਘੂਰੇ ਉਹ ਹੁੰਦੇ ਨੇ*
*ਜੋ ਹਰ ਤਿਕੋਨੀ ਸ਼ੈਅ ਨੂੰ*
*ਚੋਰਸ ਕਰ ਦਿੰਦੇ ਨੇ।*[11]

'ਗਿੱਧਾ' 'ਲੋਕਨਾਚ ਪੰਜਾਬਣ ਦੇ ਮਨ ਦੀਆਂ ਰੀਝਾਂ, ਉਮੰਗਾਂ ਨੂੰ ਪ੍ਰਗਟਾਉਣ ਦਾ ਜ਼ਬਰਦਸਤ ਮਾਧਿਅਮ ਹੈ। ਗਿੱਧੇ ਦੀਆਂ ਬੋਲੀਆ ਰਾਹੀਂ ਪੰਜਾਬਣ ਆਪਣੇ ਮਨੋਭਾਵਾਂ ਦਾ ਇਜ਼ਹਾਰ ਬੜੀ ਬੇਬਾਕੀ ਨਾਲ ਕਰਦੀ ਹੈ। ਗਿੱਧੇ ਵਿੱਚ ਪੰਜਾਬੀ ਮੁਟਿਆਰਾਂ ਦੀ ਆਤਮਾ ਸਾਹ ਲੈਂਦੀ ਹੈ ਤੇ ਜੋਬਨ ਸਾਣ ਚੜ੍ਹਦਾ ਹੈ। ਇਹ ਲੋਕਨਾਚ ਉਨ੍ਹਾਂ ਦੇ ਅੰਤ੍ਰੀਵ ਭਾਵਾਂ ਦੀ ਥਰਕਦੀ ਤਸਵੀਰ ਹੈ।"12 'ਸੁਰਮੇਦਾਨੀ' ਪੁਸਤਕ ਦੀ ਕਵਿਤਾ 'ਗਿੱਧਾ' ਵਿੱਚ ਕਵੀ ਮਨ ਪੰਜਾਬਣ ਮੁਟਿਆਰ ਦੇ ਉਪਰੋਕਤ ਭਾਵਾਂ ਦੀ ਤਰਜ਼ਮਾਨੀ ਕਰਦਾ ਹੋਇਆ ਗਿੱਧੇ ਤੇ ਪੰਜਾਬ ਦੀ ਮੁਟਿਆਰ ਦੀ ਆਪਸੀ ਸਾਂਝ ਨੂੰ ਇਕਸੁਰ ਕਰਦਾ ਹੈ ਤੇ ਨਾਲ ਹੀ ਇਸ ਦੇ ਘੇਰੇ ਦਾ ਫੈਲਾਅ ਕਰਦਾ ਹੋਇਆ ਗਿੱਧੇ ਨੂੰ ਸਾਂਝੀ ਪੰਜਾਬੀ ਰਹਿਤਲ ਦੇ ਚਿੰਨ੍ਹ ਵਜੋਂ ਸਿਰਜਦਾ ਹੈ, ਕਵੀ ਲਿਖਦਾ ਹੈ:-

*ਲੋਕ ਘੇਰਾ ਬਣਾ*
*ਮੈਨੂੰ ਘੇਰ ਲੈਂਦੇ*
*ਲੁਕਾਈ ਨੂੰ ਇਲਮ ਜੋ ਸੀ*
*ਕਿ ਤਿਕੋਣਾਂ ਜਾਂ ਕੋਣਿਆਂ 'ਚ ਨੱਚਣਾ*
*ਮੈਨੂੰ ਪਸੰਦ ਨਹੀਂ।*
*ਘੇਰਾ ਹੀ ਤਾਂ*
*ਸਾਂਝ ਦੀ ਰਹਿਤਲ ਐ।*[13]

ਆਪਣੇ ਵੱਡ-ਵਡੇਰਿਆਂ ਵਿੱਚ ਕਵੀ ਲੋਹੜੀ ਨੂੰ 'ਭੂਆ' ਦਾ ਦਰਜ਼ਾ ਦੇ ਕੇ ਸ਼ਾਮਲ ਕਰਦਾ ਹੈ ਜੋ ਹਰ ਸਾਲ ਪੋਹ ਦੇ ਮਹੀਨੇ 'ਬਾਬੇ ਪਾਲੇ' ਨੂੰ ਵਿਦਾ ਕਰਨ ਆਉਂਦੀ ਹੈ। 'ਲੋਹੜੀ' ਦੇ ਇਤਿਹਾਸ ਨੂੰ ਸਿਰਜਦਾ ਕਵੀ ਦੁੱਲੇ ਭੱਟੀ ਦੀ ਲੋਕ-ਕਥਾ ਨਾਲ ਇਸ ਦੇ ਰਿਸ਼ਤੇ ਦੀਆਂ ਤੰਦਾਂ ਸਾਂਝੀਆਂ ਕਰਦਾ, ਪਿੰਡ ਦੀ ਸਾਂਝੀ ਭੂਆ 'ਲੋਹੜੀ' ਦੇ ਕਾਰਜਾਂ ਦਾ ਜ਼ਿਕਰ ਕਰਦਾ ਹੈ ।ਕਵੀ ਨੂੰ ਲੋਹੜੀ ਭੂਆ ਪਿੰਡ ਦੇ ਬਾਲ ਤੋਂ ਲੈ ਕੇ ਵਡੇਰੇ ਤੱਕ ਸਭ ਨੂੰ ਮਿਲਦੀ ਤੇ ਸਾਂਝ, ਪਿਆਰ, ਸਿਦਕ ਤੇ ਹੱਕ ਨਾਲ ਹਰ ਘਰ ਦੇ ਬੂਹੇ ਅੱਗੇ ਅਲਖ ਜਗਾਉਂਦੀ ਪ੍ਰਤੀਤ ਹੁੰਦੀ ਹੈ। ਕਵੀ ਦੀ 'ਲੋਹੜੀ' ਭੂਆ ਨੂੰ ਭਾਈਚਾਰਕ ਸਾਂਝ ਦਾ ਇਹ ਸਲੀਕਾ ਆਪਣੇ ਬਾਬਲ 'ਦੁੱਲੇ' ਤੋਂ ਮਿਲਿਆ ਪ੍ਰਤੀਤ ਹੁੰਦਾ ਹੈ। ਇਸੇ ਲਈ 'ਲੋਹੜੀ' ਪਿੰਡ ਦੇ ਨਾਲ ਉਨ੍ਹਾਂ ਦੀਆਂ ਖ਼ੁਸ਼ੀਆਂ ਨੂੰ ਸਾਂਝਾ ਕਰਦੀ ਆਪਣੀ ਜਾਦੂ ਦੀ ਪਟਾਰੀ ਖੋਲਦੀ ਹੈ:-

*ਲੋਹੜੀ ਦੀ ਬਗਲੀ ਸੀ*
*ਕਿ ਜਾਦੂ ਦੀ ਪਟਾਰੀ!*
*ਗੁੜ ਦੀ ਭੇਲੀ*
*ਕਣਕ, ਮੱਕੀ,*
*ਬਾਜਰੇ ਦੇ ਮਰੂੰਡੇ*
*ਤਿਲ, ਭੁੱਗਾ, ਖਿਚੜੀ,*
*ਬਕਲੀਆਂ ਦੇ ਨਮੂਨੇ*
*ਅੰਤਾਂ ਦਾ ਨਿੱਘ*
*ਤੇ ਅੰਤਾਂ ਦਾ ਮੋਹ*
*ਢੇਰ ਸਾਰੀਆਂ*

*ਅਸੀਸਾਂ, ਦੁਆਵਾਂ*
*ਹੋਰ ਦੱਸ ਕੀ ਕੀ ਸੁਣਾਵਾਂ!*[14]

'ਸੰਦੂਕ' ਪੰਜਾਬਣ ਮੁਟਿਆਰ ਦੇ ਦਾਜ ਦਾ ਅਹਿਮ ਹਿੱਸਾ ਰਿਹਾ ਹੈ, ਜਿਸ ਵਿੱਚ ਉਹ ਆਪਣੇ ਸੱਧਰਾਂ ਨਾਲ ਤਿਆਰ ਕੀਤੇ ਦਾਜ ਨੂੰ ਸੰਭਾਲ ਕੇ ਸਹੁਰੇ ਘਰ ਲੈ ਜਾਂਦੀ ਹੈ। 'ਸੰਦੂਕ' ਮੁਟਿਆਰਾਂ ਦੇ ਦਾਜ ਨੂੰ ਹੀ ਨਹੀਂ ਉਨ੍ਹਾਂ ਦੀਆਂ ਸੱਧਰਾਂ, ਉਮੰਗਾਂ, ਚਾਵਾਂ ਨਾਲ ਸੰਜੋਏ ਸੁਪਨਿਆਂ ਨੂੰ ਵੀ ਆਪਣੇ ਕਲੇਵਰ ਵਿੱਚ ਸਮੇਟਦਾ ਹੈ। 'ਸੁਰਮੇਦਾਨੀ' ਕਾਵਿ-ਪੁਸਤਕ ਵਿੱਚ ਦਰਜ਼ 'ਸੰਦੂਕ' ਕਵਿਤਾ ਵਿੱਚ ਕਵੀ ਨੂੰ 'ਸੰਦੂਕ' ਆਪਣਾ ਵੱਡ-ਵਡੇਰਾ ਪ੍ਰਤੀਤ ਹੁੰਦਾ ਹੈ ਜੋ ਸਮੇਂ ਦੇ ਨਾਲ-ਨਾਲ ਪੰਜਾਬੀ ਸਭਿਆਚਾਰ ਵਿਚੋਂ ਆਪਣਾ ਪ੍ਰਭਾਵ ਗੁਆ ਚੁੱਕਾ ਹੈ। ਕਵੀ ਆਪਣੇ ਇਸ ਵੱਡ-ਵਡੇਰੇ ਦੇ ਪੰਜਾਬੀ ਸਮਾਜ ਵਿਚੋਂ ਹੌਲੀ-ਹੌਲੀ ਰੁਖਸਤ ਹੋਣ ਦੇ ਦਰਦ ਦਾ ਬਿਆਨ ਸਿਰਜਦਾ ਹੈ।

*ਸਦੀਆਂ ਲੰਮੀ ਉਮਰ ਹੰਡਾ ਕੇ*
*ਅਖ਼ੀਰ ਮੈਂ*
*ਇਸ ਘੁੱਗ ਵਸਦੀ ਦੁਨੀਆ ਨੂੰ*
*ਅਲਵਿਦਾ ਆਖਿਆ।*
*ਐਪਰ ਮੈਂ ਯਕਦਮ ਫੌਤ ਨਹੀਂ ਹੋਇਆ*
*ਹੌਲੇ ਹੌਲੇ, ਅਚਨਚੇਤ ਹੀ*
*ਆਪਣੇ ਪਰਿਵਾਰ ਦੇ ਚੇਤਿਆਂ 'ਚੋਂ*
*ਮੈਂ ਵਿਸਰਦਾ ਗਿਆ।*[15]

ਸਮੁੱਚੇ ਰੂਪ ਵਿੱਚ 'ਸੁਰਮੇਦਾਨੀ' ਕਾਵਿ-ਪੁਸਤਕ ਪੰਜਾਬੀ ਰਹਿਤਲ ਦਾ ਮੁਜੱਸਮਾ ਹੈ ਜੋ ਅਣਵੰਡੇ ਪੰਜਾਬ ਦੇ ਕਾਵਿਕ ਪੁਰਾਲੇਖ ਵਜੋਂ ਕੰਮ ਕਰਦੀ ਹੈ, ਜਿਸ ਵਿੱਚ ਪੰਜਾਬ ਦੀ ਲੋਕਧਾਰਾ, ਸਭਿਆਚਾਰਕ ਇਤਿਹਾਸ ਅਤੇ ਭਾਵਨਾਤਮਕ ਸਾਂਝ ਦੇ ਮੈਟਾਫਰ ਪੰਜਾਬੀ ਰਹਿਤਲ ਨੂੰ ਬਿਆਨ ਕਰਦੇ ਹਨ। ਕਵੀ ਆਪਣੀ ਕਾਵਿ-ਭਾਸ਼ਾ ਨੂੰ ਸਥਾਨਕ ਮੁਹਾਵਰੇ ਤੇ ਰਵਾਇਤੀ ਰੂਪਕਾਂ ਦੀ ਰੰਗਤ ਦੇ ਕੇ ਪੇਸ਼ ਕਰਦਾ ਹੈ ਜਿਸ ਵਿਚੋਂ ਸਾਂਝੇ ਪੰਜਾਬੀ ਸਮਾਜ-ਸਭਿਆਚਾਰ ਦੀ ਤਸਵੀਰ ਉੱਭਰਦੀ ਹੈ।

## ਹਵਾਲੇ ਅਤੇ ਟਿੱਪਣੀਆਂ


1. *ਈਸ਼ਵਰ ਦਿਆਲ ਗੌੜ (2018) ਸੁਰਮੇਦਾਨੀ, ਆੱਟਮ ਆਰਟ, ਵਾਲੀਆ, ਸੰਗਰੂਰ ਪੰਨਾ: 18.*
2. *ਸੋਹਿੰਦਰ ਸਿੰਘ ਵਣਜਾਰਾ ਬੇਦੀ (1973) ਪੰਜਾਬ ਦੀ ਲੋਕਧਾਰਾ, ਨੈਸ਼ਨਲ ਬੁੱਕ ਟਰੱਸਟ ਇੰਡੀਆ, ਦਿੱਲੀ, ਪੰਨਾ:62.*
3. *ਈਸ਼ਵਰ ਦਿਆਲ ਗੌੜ ਸੁਰਮੇਦਾਨੀ, (2018) ਸੁਰਮੇਦਾਨੀ, ਆੱਟਮ ਆਰਟ, ਵਾਲੀਆ, ਸੰਗਰੂਰ ਪੰਨਾ: 19.*
4. *ਉਹੀ, ਪੰਨਾ: 25.*
5. *ਉਹੀ, ਪੰਨਾ 35.*
6. *ਸੋਹਿੰਦਰ ਸਿੰਘ ਵਣਜਾਰਾ ਬੇਦੀ (2009) ਪੰਜਾਬੀ ਲੋਕਧਾਰਾ ਵਿਸ਼ਵਕੋਸ਼ (ਭਾਗ 6), ਨੈਸ਼ਨਲ ਬੁਕ ਸ਼ਾਪ, ਦਿੱਲੀ ਪੰਨਾ 1447.*
7. *ਈਸ਼ਵਰ ਦਿਆਲ ਗੌੜ (2018) ਸੁਰਮੇਦਾਨੀ, ਆੱਟਮ ਆਰਟ, ਵਾਲੀਆ, ਸੰਗਰੂਰ ਪੰਨਾ: 51.*
8. *ਉਹੀ, ਪੰਨਾ: 65.*
9. *ਉਹੀ, ਪੰਨਾ: 69.*
10. *ਉਹੀ, ਪੰਨਾ: 76.*
11. *ਉਹੀ, ਪੰਨਾ: 84.*
12. *ਡਾ. ਕੁਲਵਿੰਦਰ ਕੌਰ ਛੀਨਾ (2012) ਪੰਜਾਬੀ ਲੋਕ-ਨਾਚ ਗਿੱਧਾ: ਪਰੰਪਰਿਕ ਅਤੇ ਆਧੁਨਿਕ ਪਰਿਪੇਖ ਵਿੱਚ, ਸਭਿਆਚਾਰਕ ਪਤ੍ਰਿਕਾ ਅੰਕ-10, ਪੰਨਾ: 81.*
13. *ਈਸ਼ਵਰ ਦਿਆਲ ਗੌੜ (2018) ਸੁਰਮੇਦਾਨੀ, ਆੱਟਮ ਆਰਟ, ਵਾਲੀਆ, ਸੰਗਰੂਰ, ਪੰਨਾ: 90.*
14. *ਉਹੀ, ਪੰਨਾ: 100.*
15. *ਉਹੀ, ਪੰਨਾ: 103.*



### *Cite this Article-*

*ਡਾ. ਗੁਰਧਿਆਨ ਸਿੰਘ (Dr. Gurdhian Singh), ਪੰਜਾਬੀ ਰਹਿਤਲ ਦੀ ਤਰਜਮਾਨੀ ਕਰਦੀ ਕਾਵਿ-ਪੁਸਤਕ: ਸੁਰਮੇਦਾਨੀ (Punjabi Rahital Di Tarjmani Kardi Kaav-Pustak: Surmedani), ਅਰਮਾਨ (ARMAAN), ISSN: 2583-9446 (O), Volume- 4, Issue- 3, July-September 2026, Page: 23-27.*

*Journal URL: www.armaan.org.in*

*DOI: https://doi.org/10.64119/armaan.vol.4.issue3.05*



*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/